# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਰਾਜ ਦੇ ਸਮੂਹ ਪੰਜਵੀਂ ਅਤੇ ਅੱਠਵੀਂ ਪੱਧਰ ਦੇ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸੈਸ਼ਨ 2019-20 ਤੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਜਾਵੇਗੀ। ਇਸ ਮੰਤਵ ਲਈ ਪੰਜਵੀਂ ਅਤੇ ਅੱਠਵੀਂ ਪੱਧਰ ਤੱਕ ਦੇ ਸਰਕਾਰੀ ਸਕੂਲਾਂ ਦੀ ਸੂਚੀ ਸਿੱਖਿਆ ਵਿਭਾਗ ਤੋਂ ਲੈ ਕੇ ਸ਼ਨਾਖਤੀ ਨੰਬਰ ਜਾਰੀ ਕਰ ਦਿੱਤੇ ਜਾਣਗੇ। ਜਿਹੜੇ ਸਕੂਲ ਬੋਰਡ ਨਾਲ ਪਹਿਲਾਂ ਹੀ ਦਸਵੀਂ ਅਤੇ ਬਾਰਵੀਂ ਪੱਧਰ ਤੱਕ ਮਾਨਤਾ ਪ੍ਰਾਪਤ ਹਨ, ਉਹਨਾਂ ਨੂੰ ਪੰਜਵੀਂ ਅਤੇ ਅੱਠਵੀਂ ਲਈ ਵੱਖਰੇ ਤੌਰ ਤੇ ਮਾਨਤਾ ਦੀ ਲੋੜ ਨਹੀਂ ਹੈ, ਪ੍ਰੰਤੂ ਬਾਕੀ ਸਕੂਲਾਂ ਵੱਲੋਂ ਸੈਸ਼ਨ 2019-20 ਦੌਰਾਨ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਕਰਵਾਉਣ ਹਿੱਤ ਸਕੂਲ ਦੀ ਆਰਜ਼ੀ ਮਾਨਤਾ ਪ੍ਰਾਪਤ ਕਰਨ ਲਈ ਅਪਲਾਈ ਕਰਨਾਂ ਪਵੇਗਾ। ਇਹ ਮਾਨਤਾ ਨਿਰੋਲ ਆਰਜ਼ੀ ਹੋਵੇਗੀ, ਜੋ ਕਿ ਸਿਰਫ ਇੱਕ ਸੈਸ਼ਨ 2019-20 ਲਈ ਦਿੱਤੀ ਜਾਵੇਗੀ। ਇਸ ਉਪਰੰਤ ਜੋ ਸਕੂਲ ਬੋਰਡ ਵੱਲੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਨਿਰਧਾਰਿਤ ਕੀਤੇ ਗਏ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਨਿਰਧਾਰਿਤ ਸ਼ਰਤਾਂ ਦੀ ਪੂਰਤੀ ਕਰਨਗੇ, ਸਿਰਫ ਉਹਨਾਂ ਦੀ ਹੀ ਮਾਨਤਾ ਜਾਰੀ ਰੱਖੀ ਜਾਵੇਗੀ।

ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਆਰਜ਼ੀ ਮਾਨਤਾ ਵਾਸਤੇ ਅਪਲਾਈ ਕਰਨ ਲਈ ਬੋਰਡ ਵੱਲੋਂ ਆਨਲਾਈਨ ਪੈਨਲ ਤਿਆਰ ਕੀਤਾ ਗਿਆ ਹੈ। ਮਿਤੀਆਂ/ਫੀਸਾਂ ਦਾ ਸ਼ਡਿਊਲ ਅਤੇ ਆਨਲਾਈਨ ਪੈਨਲ ਦਾ ਲਿੰਕ ਬੋਰਡ ਦੀ ਵੈੱਬ ਸਾਈਟ www.pseb.ac.in ਤੇ Branch->Affiliation Branch ਅਧੀਨ ਉਪਲਬਧ ਹੈ। ਫਾਰਮ ਅਪਲਾਈ/ਚਲਾਨ ਜਨਰੇਟ ਕਰਨ ਲਈ ਆਖਰੀ ਮਿਤੀ 30.09.2019 ਹੈ ਅਤੇ ਚਲਾਨ ਦੀ ਫੀਸ ਬੈਂਕ ਵਿੱਚ ਮਿਤੀ 09.10.2019 ਤੱਕ ਜਮ੍ਹਾਂ ਕਰਵਾਈ ਜਾ ਸਕੇਗੀ। ਫਾਈਨਲ ਪ੍ਰਿੰਟ ਦੀ ਕਾਪੀ ਅਤੇ ਚਲਾਨ ਦੀ ਕਾਪੀ ਸਮੇਤ ਲੋੜੀਂਦੇ ਦਸਤਾਵੇਜ਼ ਮੁੱਖ ਦਫਤਰ ਵਿੱਚ ਮਿਤੀ 31.10.2019 ਤੱਕ ਜਮ੍ਹਾਂ ਕਰਵਾਏ ਜਾਣ। ਆਨਲਾਈਨ ਫਾਰਮ ਭਰਨ ਤੋਂ ਪਹਿਲਾਂ ਹਦਾਇਤਾਂ ਨੂੰ ਪੜ੍ਹਨਾ ਯਕੀਨੀ ਬਣਾਇਆ ਜਾਵੇ।

ਵਾਈਸ ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ ਅਤੇ ਅੱਠਵੀਂ ਪੱਧਰ ਤੱਕ ਐਫੀਲੀਏਸਨ ਲੈਣ ਲਈ ਸਡਿਊਲ:-

ਨਿਰਧਾਰਿਤ ਫੀਸ:- ਪੰਜਵੀਂ ਸ਼੍ਰੇਣੀ ਲਈ 5,000/-ਰੁ:
ਅੱਠਵੀਂ ਸ਼੍ਰੇਣੀ ਲਈ 8,000/-ਰੁ:

| ਵੇਰਵੇ | ਆਨਲਾਈਨ ਐਂਟਰੀ ਅਤੇ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਫੀਸ ਚਲਾਨ ਬੈਂਕ ਵਿੱਚ ਜਮਾਂ ਕਰਵਾਉਣ ਦੀ ਆਖਰੀ ਮਿਤੀ | ਫਾਇਨਲ ਪ੍ਰਿੰਟ/ਦਸਤਾਵੇਜ ਐਫੀਲੀਏਸ਼ਨ ਸ਼ਾਖਾ ਵਿੱਚ ਜਮਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|
| ਬਿਨਾਂ ਲੇਟ ਫੀਸ ਤੋ | 30-09-2019 ਤੱਕ | 09-10-2019 | 31-10-2019 |
| 500/- ਰੁਪਏ ਲੇਟ ਫੀਸ ਨਾਲ | 15-10-2019ਤੱਕ | 21-10-2019 | 31-10-2019 |

Santi ... 13/9/19

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ